ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,
ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ

ਵੱਲ :

ਸਮੂਹ ਸਕੂਲ ਮੁਖੀ,
ਸਰਕਾਰੀ, ਏਡਿਡ, ਪ੍ਰਈਵੇਟ ਸਕੂਲ, ਪੰਜਾਬ

ਮੀਮੋ ਨੰ :- ਸਸਅ/2015/ਐਮ.ਆਈ.ਐਸ./ਈ-ਪੰਜਾਬ/2015/484
ਮਿਤੀ : ਚੰਡੀਗੜ੍ਹ 20ਮਈ, 2015

**ਵਿਸ਼ਾ : www.epunjabschool.gov.in ਉੱਤੇ ਸਕੂਲ ਵਲੋਂ ਡਾਟਾ ਅਪਡੇਟ ਕਰਨ ਸਬੰਧੀ।**

1) ਸਿੱਖਿਆ ਵਿਭਾਗ, ਪੰਜਾਬ ਵਲੋਂ ਬਣਾਏ ਵੈਬ ਪੋਰਟਲ www.epunjabschool.gov.in ਉੱਤੇ ਪੰਜਾਬ ਰਾਜ ਵਿਚ ਚੱਲ ਰਹੇ ਸਮੂਹ ਸਕੂਲਾਂ ਵਲੋਂ ਹਰ ਸਾਲ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਬੁਨਿਆਦੀ ਢਾਂਚੇ ਸਬੰਧੀ ਜਾਣਕਾਰੀ ਅਪਡੇਟ ਕੀਤੀ ਜਾਂਦੀ ਹੈ।

2) ਪੰਜਾਬ ਰਾਜ ਵਿਚ ਚੱਲ ਰਹੇ ਹਰ ਸਕੂਲ ਵਲੋਂ ਇਸ ਪੋਰਟਲ ਉੱਤੇ ਰਜਿਸਟਰ ਹੋਣਾ ਜਰੂਰੀ ਹੈ ਅਤੇ ਜੇਕਰ ਕਿਸੇ ਸਕੂਲ ਨੂੰ ਅਜੇ ਤੱਕ ਰਜਿਸਟ੍ਰੇਸ਼ਨ ਨੰਬਰ ਜਾਰੀ ਨਹੀਂ ਹੋਇਆ ਹੈ ਤਾਂ ਉਹ ਆਪਣੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਦਫਤਰ (ਐ.ਸਿ.) ਅਧੀਨ ਕੰਮ ਕਰ ਰਹੇ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕਰਨ।

3) ਇਸ ਪੋਰਟਲ ਉੱਤੇ ਦਰਜ ਜਾਣਕਾਰੀ ਨੂੰ ਹਰ ਸਕੂਲ ਵਲੋਂ ਹਰ ਸਾਲ ਰਿਕਾਰਡ ਅਨੁਸਾਰ ਚੈੱਕ ਕਰਕੇ ਅਪਡੇਟ ਕਰਨਾ ਜਰੂਰੀ ਹੈ।

4) ਮੁੱਖ ਦਫਤਰ ਵਲੋਂ ਸਕੂਲਾਂ ਦੇ ਇਸ ਡਾਟਾ ਨੂੰ ਘੋਖਿਆ ਗਿਆ ਅਤੇ ਇਹ ਪਾਇਆ ਗਿਆ ਹੈ ਕਿ ਬਹੁਤ ਸਾਰੇ ਸਕੂਲਾਂ ਵਲੋਂ ਅਜੇ ਤੱਕ ਵੀ ਜਾਣਕਾਰੀ ਅਪਡੇਟ ਨਹੀਂ ਕੀਤੀ ਗਈ ਹੈ।

5) ਮਿਤੀ 25-05-15 ਤੱਕ ਹਰ ਸਕੂਲ ਮੁਖੀ ਆਪਣੇ ਸਕੂਲ ਸਬੰਧੀ ਜਾਣਕਾਰੀ ਨੂੰ ਆਪਣੀ ਨਿਗਰਾਨੀ ਹੇਠ ਸਹੀ ਅਤੇ ਰਿਕਾਰਡ ਅਨੁਸਾਰ ਦਰਜ ਕਰਵਾਉਣ।

6) ਹਰ ਸਕੂਲ ਇਸ ਪੋਰਟਲ ਲਈ ਸਕੂਲ ਪੱਧਰ ਉੱਤੇ ਕਿਸੇ ਇੱਕ ਜਿੰਮੇਵਾਰ ਅਧਿਕਾਰੀ ਨੂੰ ਨੋਡਲ ਇੰਚਾਰਜ ਬਣਾਉਣ ਅਤੇ ਇਹ ਨੋਡਲ ਇੰਚਾਰਜ ਹਰ ਮਹੀਨੇ ਇਸ ਪੋਰਟਲ ਉੱਤੇ ਦਰਜ ਅੰਕੜਿਆਂ ਨੂੰ ਲੋੜ ਅਨੁਸਾਰ ਅਪਡੇਟ ਕਰਵਾਏ।

7) ਇਸ ਪੱਤਰ ਰਾਹੀਂ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ ਤੋਂ ਇਸ ਪੋਰਟਲ ਉੱਤੇ ਜਾਣਕਾਰੀ ਅਪਲੋਡ ਕਰਵਾਉਣ ਅਤੇ ਇਸ ਕੰਮ ਦੀ ਮੋਨੀਟਰਿੰਗ ਕਰਕੇ ਇਸ ਨੂੰ ਸਮੇਂ ਬੱਧ ਤਰੀਕੇ ਨਾਲ ਮੁਕੰਮਲ ਕਰਵਾਉਣ।

8) ਕਿਸੇ ਕਿਸਮ ਦੀ ਜਾਣਕਾਰੀ ਜਾਂ ਤਕਨੀਕੀ ਮੁਸ਼ਕਿਲ ਲਈ ਸਬੰਧਤ ਜਿਲ੍ਹੇ ਜਾਂ ਬਲਾਕ ਦੇ ਐਮ.ਆਈ.ਐਸ. ਕੁਆਰਡੀਨੇਟਰ ਨਾਲ ਗੱਲਬਾਤ ਕੀਤੀ ਜਾਵੇ। ਇਨ੍ਹਾਂ ਦੇ ਨੰਬਰ ਸਕੂਲ ਦੇ ਈ-ਪੰਜਾਬ ਪੋਰਟਲ ਉੱਤੇ ਦਰਜ ਹਨ।

ਪ੍ਰਦੀਪ ਕੁਮਾਰ ਅੱਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-**

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.), ਪੰਜਾਬ
2) ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ, ਪੰਜਾਬ